**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀਮਤੀ ਚਰਨਜੀਤ ਕੋਰ ਪਤਨੀ ਅਜਮੇਰ ਸਿੰਘ 8872897099
ਮਕਾਨ ਨੰ 2193 ਪਹਿਲੀ ਮੰਜਲ ਜਲ ਵਾਯੂ ਵਿਹਾਰ ,ਮੁਹਾਲੀ, -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ਕਮ ਡੀਨ ਰਿਸਰਚ,
ਪੰਜਾਬੀ ਯੂਨੀਵਰਸਿਟੀ ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡੀਨ ਰਿਸਰਚ ਪੰਜਾਬੀ ਯੂਨੀਵਰਸਿਟੀ ਪਟਿਆਲਾ। -------ਉੱਤਰਦਾਤਾ

**ਅਪੀਲ ਕੇਸ ਨੰ: 3483/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਸ੍ਰੀ ਅਜਮੇਰ ਸਿੰਘ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ, ਐਡਵੋਕੇਟ (99141-05515)

**ਹੁੱਕਮ:**

ਪਿਛਲੀ ਮਿਤੀ 27-11-2019 ਨੂੰ ਅਪੀਲਕਰਤਾ ਵਲੋਂ ਸ੍ਰੀ ਅਜਮੇਰ ਸਿੰਘ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਤਰੁੱਟੀਆਂ ਸਬੰਧੀ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ, ਐਡਵੋਕੇਟ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਇਸ ਕੇਸ ਵਿਚ ਹੋਰ ਸਮਾਂ ਦਿੱਤਾ ਜਾਵੇ, ਇਸ ਸਬੰਧ ਵਿਚ ਲੋਕ ਸੂਚਨਾ ਅਫਸਰ ਦਾ ਪੱਤਰ ਨੰ: 8956/ਐਸ-7/497-19/ਆਰ.ਟੀ.ਆਈ. ਸੈਲ ਮਿਤੀ 26-11-2019 ਵੀ ਪੇਸ਼ ਕੀਤਾ ਗਿਆ ਜਿਸ ਵਿਚ ਉਨ੍ਹਾਂ ਵਲੋਂ ਕਮਿਸ਼ਨ ਨੂੰ ਸੂਚਿਤ ਕੀਤਾ ਹੈ ਕਿ ਸੂਚਨਾ ਤਿਆਰ ਕਰਕੇ ਜੁਆਬ ਭੇਜਣ ਵਿਚ ਹੋਰ ਸਮਾਂ ਲਗੇਗਾ। ਇਸ ਲਈ ਉੱਤਰਦਾਤਾ ਨੇ ਹੋਰ ਸਮੇਂ ਦੀ ਮੰਗ ਕੀਤੀ ਹੈ। ਇਸ ਲਈ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਤਰੁੱਟੀਆਂ ਦੂਰ ਕਰਨ ਸਬੰਧੀ ਇਹ ਅਪੀਲ ਕੇਸ ਅਗਲੀ ਸੁਣਵਾਈ ਦੀ ਮਿਤੀ 16-01-2020 ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਸ੍ਰੀ ਅਜਮੇਰ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਮੰਗੀ ਗਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ, ਐਡਵੋਕੇਟ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਸੂਚਨਾ ਭੇਜ਼ ਦਿੱਤੀ ਗਈ ਹੈ ਅਤੇ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾ ਚੁੱਕਾ ਹੈ।

4. ਉੱਤਰਦਾਤਾ ਵਲੋਂ ਦਸੇ ਅਨੁਸਾਰ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ, ਜ਼ੋ ਕਿ ਅਪੀਲਕਰਤਾ ਨੂੰ ਅਜੇ ਤੱਕ ਪ੍ਰਾਪਤ ਨਹੀਂ ਹੋਈ ਅਤੇ ਨਾ ਹੀ ਅਜੇ ਤੱਕ ਕਮਿਸ਼ਨ ਪਾਸ ਇਸ ਸਬੰਧੀ ਕੋਈ ਸੂਚਨਾ ਪ੍ਰਾਪਤ ਹੋਈ ਹੈ। ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਪਤ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 05-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 16 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜਿੰਦਰ ਕੁਮਾਰ ਗੁਪਤਾ (88476-82014)
ਪੁੱਤਰ ਸ਼੍ਰੀ ਜੈ ਕਿਸ਼ਨ ਦਾਸ ਗੁਪਤਾ,
ਮਕਾਨ ਨੰ 158, ਪਿੰਡ ਤੋਗਾਂ, ਡਾਕਖਾਨਾ ਤੀਰਾ,
ਜ਼ਿਲ੍ਹਾ ਮੁਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਬਲਾਕ ਮਾਜਰੀ ਤਹਿਸੀਲ ਤੇ ਜ਼ਿਲ੍ਹਾ ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਬਲਾਕ ਮਾਜਰੀ ਤਹਿਸੀਲ ਤੇ ਜ਼ਿਲ੍ਹਾ ਮੁਹਾਲੀ। --------ਉੱਤਰਦਾਤਾ

**<u>ਅਪੀਲ ਕੇਸ ਨੰ:2105 /2019</u>**

**ਹਾਜ਼ਰ:-**

1) ਅਪੀਲਕਰਤਾ ਸ਼੍ਰੀ ਰਾਜਿੰਦਰ ਕੁਮਾਰ ਗੁਪਤਾ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮੋਹਿਤ ਕੁਮਾਰ, ਪੰਚਾਇਤ ਸਕੱਤਰ ਕਮ ਏ.ਪੀ.ਆਈ.ਓ

**<u>ਹੁੱਕਮ:</u>**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 16-02-2019, ਲੋਕ ਸੂਚਨਾ ਅਧਿਕਾਰੀ ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਲਾਕ ਮਾਜਰੀ ਤਹਿਸੀਲ ਤੇ ਜ਼ਿਲ੍ਹਾ ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗਰਾਮ ਪੰਚਾਇਤ ਤੋਗਾਂ ਦੀ ਮਿਆਦ ਸਿਤੰਬਰ, 2018 ਵਿੱਚ ਖਤਮ ਹੋਣ ਤੋਂ ਬਾਅਦ ਪ੍ਰਸ਼ਾਸਕ ਵੱਲੋਂ ਸ਼੍ਰੀਮਤੀ ਵੇਦਵਤੀ, ਸਰਪੰਚ ਕੋਲੋਂ ਚਾਰਜ ਲੈਣ ਅਤੇ ਮਿਤੀ 11-02-2019 ਨੂੰ ਨਵੀਂ ਚੁਣੀ ਗਈ ਸਰਪੰਚ, ਸ਼੍ਰੀਮਤੀ ਕ੍ਰਿਸ਼ਨਾ ਕੌਰ ਨੂੰ ਚਾਰਜ ਦੇਣ ਨਾਲ ਸਬੰਧਤ 07 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-03-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 11-06-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 26-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 26-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 02-12-2019 ਨੂੰ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅੱਜ ਵੀ ਮੁਕੰਮਲ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋ ਹਾਜ਼ਰ ਸ੍ਰੀ ਮੋਹਿਤ ਕੁਮਾਰ,ਪੰਚਾਇਤ ਸਕੱਤਰ- ਕਮ-ਏ.ਪੀ.ਆਈ.ਓ. ਵਲੋਂ ਪੱਤਰ ਨੰ: 9 ਮਿਤੀ 02-12-2019 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਸੀ ਪੇਸ਼ੀ ਦੋਰਾਨ ਇਹ ਪੱਤਰ ਅਪੀਲਕਰਤਾ ਨੂੰ ਦਸਤੀ ਦੇ ਦਿੱਤਾ ਗਿਆ । ਉਸ ਵਲੋਂ ਦਸਿਆ ਗਿਆ ਕਿ ਇਸ ਕੇਸ ਵਿਚ ਕੁਝ ਰਿਕਾਰਡ ਸਰਪੰਚਾਂ/ਪੰਚਾਂ ਤੋਂ ਲੈ ਕੇ ਦੇਣਾ ਹੈ, ਜਿਸ ਸਬੰਧੀ ਉਸ ਵਲੋਂ ਸਮੇਂ ਦੀ ਮੰਗ ਕੀਤੀ ਗਈ। ਉੱਤਰਦਾਤਾ ਵਲੋਂ ਦਸੀ ਉਕਤ ਸਥਿਤੀ ਦੇ ਸਨਮੁੱਖ ਇਸ ਕੇਸ ਵਿਚ ਹੋਰ ਸਮੇ ਦੀ ਮੰਗ ਕੀਤੀ ਗੀ , ਜਿਸ ਨੂੰ ਪ੍ਰਵਾਨ ਕਰਦੇ ਹੋਏ ਅਤੇ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 16-01-2020 ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ਼੍ਰੀ ਰਾਜਿੰਦਰ ਕੁਮਾਰ ਗੁਪਤਾ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਮੰਗੀ ਗਈ ਸੂਚਨਾ ਪ੍ਰਾਪਤ ਹੋ ਗਈ ਹੈ ਅਤੇ ਉਹ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਹੈ। ਇਸ ਲਈ ਇਹ ਕੇਸ ਬੰਦ ਕਰ ਦਿੱਤਾ ਜਾਵੇ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮੋਹਿਤ ਕੁਮਾਰ, ਪੰਚਾਇਤ ਸਕੱਤਰ ਵਲੋਂ ਪੱਤਰ ਨੰ: 11 ਮਿਤੀ 15-01-2020 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਪੇਸ਼ ਕੀਤਾ ਗਿਆ ਅਤੇ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀ

ਪਰਤੋ ਜੀ------ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:**2105 /2019

ਗਈ ਸੂਚਨਾ ਦੇ ਦਿੱਤੀ ਗਈ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਉੱਤਰਦਾਤਾ ਵਲੋਂ ਉੱਕਤ ਪੱਤਰ ਮਿਤੀ 15-01-2020 ਪੇਸ਼ ਕੀਤਾ ਗਿਆ ਜਿਸ ਰਾਹੀਂ ਸ੍ਰੀ ਰਾਜਿੰਦਰ ਕੁਮਾਰ ਗੁਪਤਾ, ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਅਪੀਲਕਰਤਾ ਵਲੋਂ ਕਮਿਸ਼ਨ ਨੂੰ ਪੇਸ਼ੀ ਦੋਰਾਨ ਦਸਿਆ ਗਿਆ ਕਿ ਉਸ ਨੂੰ ਸੂਚਨਾ ਪ੍ਰਾਪਤ ਹੋ ਗਈ ਹੈ ਅਤੇ ਉਹ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ ਇਸ ਲਈ ਕੇਸ ਬੰਦ ਕਰ ਦਿੱਤਾ ਜਾਵੇ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ ਅਪੀਲ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 16 **ਜਨਵਰੀ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜਿੰਦਰ ਕੁਮਾਰ ਗੁਪਤਾ (88476-82014)
ਪੁੱਤਰ ਸ਼੍ਰੀ ਜੈ ਕਿਸ਼ਨ ਦਾਸ ਗੁਪਤਾ,
ਮਕਾਨ ਨੰ 158, ਪਿੰਡ ਤੋਗਾਂ, ਡਾਕਖਾਨਾ ਤੀਰਾ,
ਜ਼ਿਲ੍ਹਾ ਮੁਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਬਲਾਕ ਮਾਜਰੀ ਤਹਿਸੀਲ ਤੇ ਜ਼ਿਲ੍ਹਾ ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਬਲਾਕ ਮਾਜਰੀ ਤਹਿਸੀਲ ਤੇ ਜ਼ਿਲ੍ਹਾ ਮੁਹਾਲੀ। --------ਉੱਤਰਦਾਤਾ

**ਅਪੀਲ ਕੇਸ ਨੰ:2106 /2019**

**ਹਾਜ਼ਰ:-**

1) ਅਪੀਲਕਰਤਾ ਸ਼੍ਰੀ ਰਾਜਿੰਦਰ ਕੁਮਾਰ ਗੁਪਤਾ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਮੋਹਿਤ ਕੁਮਾਰ, ਪੰਚਾਇਤ ਸਕੱਤਰ ਕਮ ਏ.ਪੀ.ਆਈ.ਓ

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-02-2019, ਲੋਕ ਸੂਚਨਾ ਅਧਿਕਾਰੀ ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਲਾਕ ਮਾਜਰੀ ਤਹਿਸੀਲ ਤੇ ਜ਼ਿਲ੍ਹਾ ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗਰਾਮ ਪੰਚਾਇਤ ਅਤੇ ਗਰਾਮ ਸਭਾ, ਤੋਗਾਂ ਦੇ ਸਮੂਹ ਦਫ਼ਤਰੀ ਰਿਕਾਰਡ ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-03-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 11-06-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 26-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 26-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਇਸ ਕੇਸ ਵਿਚ ਪਿਛਲੀ ਮਿਤੀ 02-12-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅੱਜ ਵੀ ਮੁਕੰਮਲ ਸੂਚਨਾ ਨਹੀਂ ਦਿੱਤੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋ ਹਾਜ਼ਰ ਸ਼੍ਰੀ ਮੋਹਿਤ ਕੁਮਾਰ,ਪੰਚਾਇਤ ਸਕੱਤਰ- ਕਮ- ਏ.ਪੀ.ਆਈ.ਓ. ਵਲੋਂ ਪੱਤਰ ਨੰ: 10 ਮਿਤੀ 02-12-2019 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਸੀ । ਇਹ ਪੱਤਰ ਪੇਸ਼ੀ ਦੋਰਾਨ ਅਪੀਲਕਰਤਾ ਨੂੰ ਦਸਤੀ ਦੇ ਦਿੱਤਾ ਗਿਆ । ਉਸ ਵਲੋਂ ਦਸਿਆ ਗਿਆ ਕਿ ਇਸ ਕੇਸ ਵਿਚ ਕੁਝ ਰਿਕਾਰਡ ਸਰਪੰਚਾਂ/ਪੰਚਾਂ ਤੋਂ ਲੈ ਕੇ ਦੇਣਾ ਹੈ, ਇਸ ਲਈ ਉੱਤਰਦਾਤਾ ਵਲੋਂ ਸਮੇਂ ਦੀ ਮੰਗ ਕੀਤੀ ਗਈ। ਉੱਤਰਦਾਤਾ ਵਲੋਂ ਦਸੀ ਉਕਤ ਸਥਿਤੀ ਦੇ ਸਨਮੁੱਖ ਇਸ ਕੇਸ ਵਿਚ ਹੋਰ ਸਮੇ ਦੀ ਮੰਗ ਕੀਤੀ ਗਈ ਹੈ, ਜਿਸ ਨੂੰ ਪ੍ਰਵਾਨ ਕਰਦੇ ਹੋਏ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਸੂਚਨਾ ਦਿੱਤੀ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ।ਇਸ ਹਦਾਇਤ ਨਾਲ ਅਤੇ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 16-01-2020 ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ਼੍ਰੀ ਰਾਜਿੰਦਰ ਕੁਮਾਰ ਗੁਪਤਾ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਮੰਗੀ ਗਈ ਸੂਚਨਾ ਪ੍ਰਾਪਤ ਹੋ ਗਈ ਹੈ ਅਤੇ ਉਹ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਹੈ। ਇਸ ਲਈ ਇਹ ਕੇਸ ਬੰਦ ਕਰ ਦਿੱਤਾ ਜਾਵੇ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਮੋਹਿਤ ਕੁਮਾਰ, ਪੰਚਾਇਤ ਸਕੱਤਰ ਵਲੋਂ ਪੱਤਰ ਨੰ: 12 ਮਿਤੀ 15-01-2020 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਪੇਸ਼ ਕੀਤਾ ਗਿਆ ਅਤੇ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀ

ਪਰਤੋ ਜੀ------ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:**2106 /2019

ਗਈ ਸੂਚਨਾ ਦੇ ਦਿੱਤੀ ਗਈ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਉੱਤਰਦਾਤਾ ਵਲੋਂ ਉੱਕਤ ਪੱਤਰ ਮਿਤੀ 15-01-2020 ਪੇਸ਼ ਕੀਤਾ ਗਿਆ ਜਿਸ ਰਾਹੀਂ ਸ੍ਰੀ ਰਾਜਿੰਦਰ ਕੁਮਾਰ ਗੁਪਤਾ, ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਅਪੀਲਕਰਤਾ ਵਲੋਂ ਕਮਿਸ਼ਨ ਨੂੰ ਪੇਸ਼ੀ ਦੋਰਾਨ ਦਸਿਆ ਗਿਆ ਕਿ ਉਸ ਨੂੰ ਸੂਚਨਾ ਪ੍ਰਾਪਤ ਹੋ ਗਈ ਹੈ ਅਤੇ ਉਹ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ ਇਸ ਲਈ ਕੇਸ ਬੰਦ ਕਰ ਦਿੱਤਾ ਜਾਵੇ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ ਅਪੀਲ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 16 **ਜਨਵਰੀ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀਮਤੀ ਰਜਨੀ ਗੁਪਤਾ, ਪਤਨੀ ਸ੍ਰੀ ਅਨੁਰਾਗ ਗੁਪਤਾ, ਮ: 79867-99578
ਛਾਹੜੀਆਂ ਮੁਹੱਲਾ, ਰਾਜਾ ਰਾਮ ਸਟਰੀਟ
ਸਿਟੀ ਸੁਨਾਮ, ਜਿਲ੍ਹਾ ਸੰਗਰੂਰ --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ,
ਸੀਨੀਅਰ ਪੁਲਿਸ ਕਪਤਾਨ , ਸੰਗਰੂਰ ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਇੰਸਪੈਕਟਰ ਜਨਰਲ ਪੁਲਿਸ.
ਪਟਿਆਲਾ ਰੇਜ਼, ਪਟਿਆਲਾ । ----------ਉੱਤਰਦਾਤਾ

**ਅਪੀਲ ਕੇਸ ਨੰ: 3675/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਜੈਬ ਸਿੰਘ, ਐਸ.ਆਈ. (8054545411)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ, 24-07-2019 **ਲੋਕ ਸੂਚਨਾ ਅਧਿਕਾਰੀ,** ਦਫਤਰ ਸੀਨੀਅਰ ਪੁਲਿਸ ਕਪਤਾਨ , ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮੁੱਖ ਮੰਤਰੀ ਸਾਹਿਬ ਦਫਤਰ ਨੰ: ਅੰ:ਵਿ:ਪ:ਨੰ: 4/32 /2017 ਮੁ:ਮੁ:ਦ:/ਜੀ.ਏ.1/ਈ-30985 ਪੱਤਰ ਐਸ.ਐਸ.ਪੀ.ਸੰਗਰੂਰ ਨ: 2521/8/21-03-19(ਟੀ.1525130) ਦੀ ਪੜਤਾਲ ਝੂਠੇ ਆਰੋਪਾਂ ਨਾਲ ਸਬੰਧਤ 08 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 17-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 01-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 20-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਮਿਤੀ 20-11-2019 ਨੂੰ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ. ਰਾਹੀਂ ਬੇਨਤੀ ਕੀਤੀ ਗਈ ਕਿ ਉਸ ਵਲੋਂ ਆਪਣੇ ਪਤੀ ਨੂੰ ਆਥਾਰਟੀ ਦਿੱਤੀ ਗਈ ਸੀ ਪਰ ਉਹ ਬਿਮਾਰ ਹੈ ਅਤੇ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਅਗਲੀ ਮਿਤੀ ਦਿੱਤੀ ਜਾਵੇ। ਇਸ ਦੇ ਨਾਲ ਹੀ ਦਸਿਆ ਗਿਆ ਕਿ ਉਨ੍ਹਾਂ ਨੂੰ ਕੁਝ ਜਾਣਕਾਰੀ ਪ੍ਰਾਪਤ ਹੋ ਗਈ ਹੈ, ਪਰ ਉਹ ਪ੍ਰਾਪਤ ਹੋਈ ਸੂਚਨਾ ਤੋਂ ਸਤੁੰਸਟ ਨਹੀਂ । ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਜੈਬ ਸਿੰਘ, ਏ.ਐਸ.ਆਈ. ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਪਤਰ ਨੰ: 100/ਆਰ.ਟੀ.ਆਈ. ਮਿਤੀ 19-11-2019 ਪੇਸ਼ ਕੀਤਾ ਗਿਆ ਜ਼ੋ ਪਹਿਲਾਂ ਹੀ ਈ.ਮੇਲ ਰਾਹੀਂ ਪ੍ਰਾਪਤ ਹੋ ਚੁੱਕਾ ਸੀ ਅਤੇ ਮਿਸਲ ਤੇ ਉਪਲਭਧ ਹੈ,ਰਾਹੀ ਦਸਿਆ ਗਿਆ ਕਿ ਅਪੀਲਕਰਤਾ ਨੇ ਦਰਖਾਸਤ ਨੰ: 2521-ਪੀ ਸਾਲ 2019 ਸਬੰਧੀ ਸਾਰੇ ਦਸਤਾਵੇਜ਼ਾਂ ਦੀਆਂ ਨਕਲਾਂ ਬਾਰੇ ਮੰਗ ਕੀਤੀ ਸੀ ਜਿਸ ਸਬੰਧੀ ਬ੍ਰਾਂਜ਼ ਪਾਸ ਰਿਕਾਰਡ ਮੁਤਾਬਿਕ ਅਪੀਲਕਰਤਾ ਨੂੰ ਨਕਲਾਂ ਪਹਿਲਾਂ ਹੀ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ, ਇਸ ਲਈ ਉਤਰਦਾਤਾ ਵਲੋਂ ਵੀ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ। ਇਸ ਲਈ ਦੋਨਾਂ ਧਿਰਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 15-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਪਰ ਉੱਤਰਦਾਤਾ ਵਲੋਂ ਲਿਆਂਦੀ ਗਈ ਸੂਚਨਾ ਨਾਲ ਕੋਈ ਫਾਰਵਰਡਿੰਗ ਪੱਤਰ ਨਹੀਂ ਸੀ ਇਸ ਲਈ ਕਮਿਸ਼ਨ ਸੂਚਨਾ ਤੋਂ ਸੰਤੁਸ਼ਟ ਨਹੀਂ ਸੀ ਇਸ ਲਈ ਅਗਲੀ ਮਿਤੀ 16-01-2020 ਨਿਸਚਿਤ ਕੀਤੀ ਗਈ ਸੀ।

3. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਪਿਛਲੀ ਮਿਤੀ15-01-2020 ਸਬੰਧੀ ਈ.ਮੇਲ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਮੁਕੰਮਲ ਸੂਚਨਾ ਅਜੇ ਤੱਕ ਪ੍ਰਾਪਤ ਨਹੀਂ ਹੋਈ। ਇਸ ਲਈ ਰਹਿੰਦੀ ਮੁਕੰਮਲ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਸੀ ।

4. ਉੱਤਰਦਾਤਾ ਵਲੋਂ ਸ੍ਰੀ ਅਜੈਬ ਸਿੰਘ, ਐਸ.ਆਈ. ਹਾਜ਼ਰ ਹੋਇਆ ਉਸ ਵਲੋਂ ਪੱਤਰ ਨੰ: 100 ਅਪੀਲ ਆਰ.ਟੀ.ਆਈ. ਮਿਤੀ 15-01-2020 ਪੇਸ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਦਸਿਆ ਗਿਆ ਕਿ ਉਸ ਵਲੋਂ ਦਰਖਾਸਤ ਨੰ: 2521 ਪੀ ਸਾਲ 2019 ਸਬੰਧੀ ਸਾਰੇ ਦਸਤਾਵੇਜ਼ਾ ਦੀਆਂ ਨਕਲਾਂ ਬਾਰੇ ਮੰਗ ਕੀਤੀ ਗਈ ਸੀ ਜਿਸ ਸਬੰਧੀ ਬਾਅਦ ਵਿਚ ਦਰਖਾਸਤੀ ਵਲੋਂ ਹੋਰ ਦਰਖਾਸਤ ਨੰ: 2809-ਪੀ, ਮਿਤੀ 30-3-2019, 3428 ਪੀ ਮਿਤੀ 15-04-2019, 5754 ਪੀ ਮਿਤੀ 20-06-2019 ਦਿੱਤੀ ਗਈਆਂ ਸਨ ਜਿਨ੍ਹਾਂ ਸਬੰਧੀ ਸਕਾਇਤ ਬ੍ਰਾਂਚ ਡੀ.ਪੀ.ਓ. ਸੰਗਰੂਰ ਵਲੋਂ ਰਿਪੋਰਟ ਹਾਸਲ ਕੀਤੀ ਗਈ, ਜ਼ੋ ਦਰਖਾਸਤਾਂ ਕਾਰਵਾਈ ਅਧੀਨ ਹਨ ਰਿਪੋਰਟ ਦੀ ਕਾਪੀ ਨੱਥੀ ਹੈ।

5. ਉੱਤਰਦਾਤਾ ਦੇ ਨੁਮਾਇੰਦੇ ਵਲੋਂ ਜਿਹੜੀ ਸੂਚਨਾ ਲਿਆਂਦੀ ਗਈ ਹੈ ਉਸ ਤੋਂ ਕਮਿਸ਼ਨ ਸੰਤੁਸ਼ਟ ਹੈ।ਇਹ ਸੂਚਨਾ ਅਪੀਲਕਰਤਾ ਨੂੰ ਵੀ ਭੇਜ਼ ਦਿੱਤੀ ਜਾਵੇ। ਇਸ ਲਈ ਇਸ ਕੇਸ ਵਿਚ ਹੋਰ ਕਰਵਾਈ ਦੀ ਲੋੜ ਨਹੀਂ। ਇਹ ਅਪੀਲ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 16 **ਜਨਵਰੀ,** 2020.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਅਨੁਰਾਗ ਗੁਪਤਾ ਪੁੱਤਰ ਲੇਟ ਸ੍ਰੀ ਪ੍ਰੇਮ ਸਾਗਰ, ਮ: 79867-99578
ਛਾਹੜੀਆਂ ਮੁਹੱਲਾ, ਰਾਜਾ ਰਾਮ ਸਟਰੀਟ,ਸਿਟੀ ਸੁਨਾਮ, ਜਿਲ੍ਹਾ ਸੰਗਰੂਰ --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ,
ਸੀਨੀਅਰ ਪੁਲਿਸ ਕਪਤਾਨ , ਸੰਗਰੂਰ ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਇੰਸਪੈਕਟਰ ਜਨਰਲ ਪੁਲਿਸ.ਪਟਿਆਲਾ ਰੇਜ਼, ਪਟਿਆਲਾ । ----------ਉੱਤਰਦਾਤਾ

**<u>ਅਪੀਲ ਕੇਸ ਨੰ: 3677/2019</u>**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਜੈਬ ਸਿੰਘ, ਐਸ.ਆਈ. (8054545411)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ, 01-08-2019 **ਲੋਕ ਸੂਚਨਾ ਅਧਿਕਾਰੀ,** ਦਫਤਰ ਸੀਨੀਅਰ ਪੁਲਿਸ ਕਪਤਾਨ , ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਨਲਾਈਨ ਸ਼ਿਕਾਇਤ (ਪੀ.ਜੀ.ਪੋਰਟਲ)PMOPG/E/2018/0096228 ਮਿਤੀ 01 ਮਾਰਚ, 2018 ਜ਼ੋ ਕਿ ਸ਼ਿਕਾਇਤ ਕਰਤਾ ਦੇ ਪਰਿਵਾਰ ਦੀ ਸੁਰਖਿਆ ਪੁਲਿਸ ਕਾਰਵਾਈ ਵਿੱਚ ਦੇਰੀ ਹੋਣ ਕਰਕੇ ਖਤਰੇ ਵਿਚ ਹੋਣ ਸਬਧੀ ਸੀ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 16-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 01-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 20-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਮਿਤੀ 20-11-2019 ਨੂੰ ਅਪੀਲਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ. ਰਾਹੀਂ ਬੇਨਤੀ ਕੀਤੀ ਗਈ ਕਿ ਉਹ ਬਿਮਾਰ ਹੈ ਅਤੇ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਅਗਲੀ ਮਿਤੀ ਦਿੱਤੀ ਜਾਵੇ। ਇਸ ਦੇ ਨਾਲ ਹੀ ਦਸਿਆ ਗਿਆ ਕਿ ਉਨ੍ਹਾਂ ਨੂੰ ਕੁਝ ਜਾਣਕਾਰੀ ਪ੍ਰਾਪਤ ਹੋ ਗਈ ਹੈ, ਪਰ ਉਹ ਅਧੂਰੀ ਹੈ ਅਤੇ ਪ੍ਰਾਪਤ ਹੋਈ ਸੂਚਨਾ ਤੋਂ ਸਤੁੰਸਟ ਨਹੀਂ । ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਜੈਬ ਸਿੰਘ, ਏ.ਐਸ.ਆਈ. ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 99/ਆਰ.ਟੀ.ਆਈ. ਮਿਤੀ 19-11-2019 ਪੇਸ਼ ਕੀਤਾ ਗਿਆ ਜ਼ੋ ਪਹਿਲਾਂ ਹੀ ਈ.ਮੇਲ ਰਾਹੀਂ ਪ੍ਰਾਪਤ ਹੋ ਚੁੱਕਾ ਸੀ ਅਤੇ ਮਿਸਲ ਤੇ ਉਪਲਬਧ ਹੈ, ਰਾਹੀ ਦਸਿਆ ਗਿਆ ਕਿ ਅਪੀਲਕਰਤਾ ਨੇ ਦਰਖਾਸਤ ਨੰ: 3051-ਪੀ ਸਾਲ 2019 ਸਬੰਧੀ ਸਾਰੇ ਦਸਤਾਵੇਜ਼ਾਂ ਦੀਆਂ ਨਕਲਾਂ ਬਾਰੇ ਮੰਗ ਕੀਤੀ ਸੀ ਜਿਸ ਸਬੰਧੀ ਸੰਬਧਤ ਬ੍ਰਾਂਚ ਪਾਸ ਰਿਕਾਰਡ ਮੁਤਾਬਿਕ ਨਕਲਾਂ ਪਹਿਲਾਂ ਹੀ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ, ਪਰ ਅਪੀਲਕਰਤਾ ਵਲੋਂ ਜਾਣੂ ਕਰਵਾਇਆ ਗਿਆ ਹੈ ਕਿ ਸੂਚਨਾ ਅਧੂਰੀ ਹੈ। ਇਸ ਲਈ ਅਗਲੀ ਤਾਰੀਖ ਦੇਣ ਲਈ ਬੇਨਤੀ ਕੀਤੀ ਗਈ ਹੈ। ਇਸ ਲਈ ਦੋਨਾਂ ਧਿਰਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 15-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਪਰ ਉੱਤਰਦਾਤਾ ਵਲੋਂ ਲਿਆਂਦੀ ਗਈ ਸੂਚਨਾ ਨਾਲ ਕੋਈ ਫਾਰਵਰਡਿੰਗ ਪੱਤਰ ਨਹੀਂ ਸੀ ਇਸ ਲਈ ਕਮਿਸ਼ਨ ਸੂਚਨਾ ਤੋਂ ਸੰਤੁਸ਼ਟ ਨਹੀਂ ਸੀ ਇਸ ਲਈ ਅਗਲੀ ਮਿਤੀ 16-01-2020 ਨਿਸਚਿਤ ਕੀਤੀ ਗਈ ਸੀ।

3. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਪਿਛਲੀ ਮਿਤੀ 15-01-2020 ਨੂੰ ਈ.ਮੇਲ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਮੁਕੰਮਲ ਸੂਚਨਾ ਅਜੇ ਤੱਕ ਪ੍ਰਾਪਤ ਨਹੀਂ ਹੋਈ। ਇਸ ਲਈ ਰਹਿੰਦੀ ਮੁਕੰਮਲ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ।

4. ਉੱਤਰਦਾਤਾ ਵਲੋਂ ਸ੍ਰੀ ਅਜੈਬ ਸਿੰਘ, ਐਸ.ਆਈ. ਹਾਜ਼ਰ ਹੋਇਆ ਉਸ ਵਲੋਂ ਪੱਤਰ ਨੰ:99 ਅਪੀਲ ਆਰ.ਟੀ.ਆਈ. ਮਿਤੀ 15-01-2020 ਪੇਸ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਅਪੀਲਕਰਤਾ ਨੂੰ ਉਤਾਰਾ ਕੀਤਾ ਗਿਆ ਹੈ ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਉੱਤਰਦਾਤਾ ਦੇ ਨੁਮਾਇੰਦੇ ਵਲੋਂ ਜਿਹੜੀ ਸੂਚਨਾ ਲਿਆਂਦੀ ਗਈ ਹੈ ਉਹ ਨੁਕਤਾਵਾਰ ਅਤੇ ਵਿਸ਼ਥਾਰ ਵਿਚ ਪੇਸ਼ ਕੀਤੀ ਗਈ ਹੈ।ਅਪੀਲਕਰਤਾ ਵਲੌਂ ਇਹ ਵੀ ਦਸਿਆ ਗਿਆ ਅਪੀਲਕਰਤਾ ਨੂੰ ਇਹ ਸੂਚਨਾ ਭੇਜ਼ ਦਿੱਤੀ ਗਈ ਹੈ, ਪੁਸਟੀ ਵਜੋਂ ਰਜਿਸਟਰੀ ਦੀ ਕਾਪੀ ਪੇਸ਼ ਕੀਤੀ ਗਈ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਰਵਾਈ ਦੀ ਲੋੜ ਨਹੀਂ। ਇਹ **<u>ਅਪੀਲ ਕੇਸ ਦਾਖਲ ਦਫਤਰ</u>** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 16 ਜਨਵਰੀ, 2020.** ਰਾਜ ਸੂਚਨਾ ਕਮਿਸ਼ਨਰ, ਪੰਜਾਬ।